# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. – 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 – ਏ, ਚੰਡੀਗੜ੍ਹ।**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ

**ਮੀਮੋ ਨੰ.: ਐਸ.ਐਸ.ਏ/2009/ਕੋਆਰਡੀਨੇਸ਼ਨ/37621**
**ਮਿਤੀ ਚੰਡੀਗੜ੍ਹ 19.05.2010**

**ਵਿਸ਼ਾ: ਸਕੂਲ ਪ੍ਰਿੰਸੀਪਲ ਅਤੇ ਸਕੂਲ ਮੁੱਖੀਆਂ ਦੁਆਰਾ ਅਧਿਆਪਕ ਡਾਇਰੀ ਅਤੇ ਬੱਚਿਆਂ ਦੀਆਂ ਕਾਪੀਆਂ ਨੂੰ ਚੈੱਕ ਕਰਨ ਸਬੰਧੀ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. ਕੋਆਰਡੀਨੇਸ਼ਨ/30637-76, ਮਿਤੀ 02.03.09, ਕੋਆਰਡੀਨੇਸ਼ਨ/45426-45, ਮਿਤੀ 10.06.09, ਐਸ.ਐਸ.ਏ/2009/ਕੋਆਰਡੀਨੇਸ਼ਨ/50771-790, ਮਿਤੀ 06.07.09 ਅਤੇ ਐਸ.ਐਸ.ਏ/2009/ਕੋਆਰਡੀਨੇਸ਼ਨ/76020, ਮਿਤੀ 13.11.09 ਦੇ ਸਬੰਧ ਵਿਚ।**

1.0 ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਮਹੀਨਾਵਾਰ ਮੀਟਿੰਗ ਵਿਚ ਆਪ ਨਾਲ ਹੋਏ ਵਿਚਾਰ ਵਟਾਂਦਰੇ ਵੱਲ ਦਵਾਇਆ ਜਾਂਦਾ ਹੈ ਜਿਸ ਦੇ ਰਾਹੀਂ ਆਪ ਜੀ ਨੂੰ ਕਿਹਾ ਗਿਆ ਸੀ ਕਿ ਅਧਿਆਪਕਾ ਦੀਆ ਡਾਇਰੀਆਂ ਅਤੇ ਬੱਚਿਆਂ ਦੀਆਂ ਕਾਪੀਆਂ ਨੂੰ ਚੰਗੀ ਤਰ੍ਹਾਂ ਨਾਲ ਚੈਕ ਕੀਤਾ ਜਾਵੇ ਜੀ।

**2.0** ਇਹ ਆਮ ਵੇਖਣ ਵਿੱਚ ਆਇਆ ਹੈ ਕਿ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਕੀਤੀਆਂ ਗਈਆਂ ਹਦਾਇਤਾਂ ਦੇ ਬਾਵਜੂਦ ਅਧਿਆਪਕਾਂ ਵਲੋਂ ਕੋਈ ਡਾਇਰੀ ਮੇਨਟੇਨ ਨਹੀਂ ਕੀਤੀ ਜਾਂਦੀ ਅਤੇ ਬੱਚਿਆਂ ਨੂੰ ਦਿੱਤੇ ਗਏ ਹੋਮ ਵਰਕ ਲਈ ਨੋਟ ਬੁਕਸ ਵੀ ਅਧਿਆਪਕਾਂ ਵੱਲੋ ਠੀਕ ਤਰੀਕੇ ਨਾਲ ਚੈਕ ਨਹੀਂ ਕੀਤੀਆ ਜਾਂਦੀਆਂ। ਮੁੱਖ ਦਫ਼ਤਰ ਵੱਲੋ ਲਗਾਈਆਂ ਨਿਰੀਖਣ ਟੀਮਾਂ ਦੀ ਰਿਪੋਰਟ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਬੱਚਿਆਂ ਦੀ ਕਾਪੀਆਂ ਵਿੱਚ ਗਲਤ ਜਵਾਬ ਦਰਜ ਹੋਣ ਦੇ ਬਾਵਜੂਦ ਅਧਿਆਪਕ ਵੱਲੋ ਦਸਖਤ ਕਰ ਦਿੱਤੇ ਜਾਂਦੇ ਹਨ। ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਸਕੂਲ ਮੁੱਖੀ ਵਲੋਂ ਟੀਚਰਾਂ ਦੀਆਂ ਡਾਇਰੀਆਂ ਅਤੇ ਬੱਚਿਆ ਦੀਆਂ ਕਾਪੀਆਂ ਚੈੱਕ ਨਹੀਂ ਕੀਤੀਆ ਜਾਦੀਆਂ ਜਿਸ ਦਾ ਸਿੱਖਿਆ ਦੇ ਮਿਆਰ ਤੇ ਬੜਾ ਮਾੜਾ ਅਸਰ ਪੈਂਦਾ ਹੈ।

**3.0** ਉਪਰੋਕਤ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਵਿੱਚ ਸਮੂਹ ਸਕੂਲਾਂ ਦੇ ਮੁੱਖੀਆ ਵੱਲੋਂ ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ